# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ ਨੰ: 2968

## ਹੁਕਮ

ਜਦੋਂ ਕਿ ਇਸ ਦਫਤਰ ਵਲੋਂ ਕਰੋਨਾ ਵਾਇਰਸ ਦੇ ਸੰਕਰਮਣ ਦੀ ਲੜੀ ਤੋੜਣ ਲਈਸੀ.ਆਰ.ਪੀ.ਸੀ 1973 ਦੀ ਧਾਰਾ 144 ਅਧੀਨ ਜਿਲ੍ਹਾ ਪਠਾਨਕੋਟ ਅੰਦਰ ਹੁਕਮ ਨੰ: ਐਮ.ਏ/ 1710-57, ਮਿਤੀ 23 ਮਾਰਚ, 2020 ਰਾਹੀਂ ਕਰਫਿਊ ਦਾ ਹੁਕਮ ਜਾਰੀ ਕੀਤਾ ਗਿਆ ਸੀ।

ਹੁਣ ਜਦੋਂਕਿ ਗ੍ਰਹਿ ਮਾਮਲੇ ਵਿਭਾਗ, ਭਾਰਤ ਸਰਕਾਰ ਵਲੋਂ ਆਪਣੇ ਹੁਕਮ ਨੰ: 40-3/2020-DM-I(A), ਮਿਤੀ 17.05.2020 ਰਾਹੀਂ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ, ਇਹਨਾਂ ਹੁਕਮਾਂ ਦੇ ਮੱਦੇਨਜਰ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵਲੋਂ ਆਪਣੇ ਪੱਤਰ ਨੰ:SS/ACSH/2020/424, ਮਿਤੀ 17.05.2020 ਰਾਹੀਂ ਵੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਇਹਨਾਂ ਹਦਾਇਤਾਂ/ਦਿਸ਼ਾਂ-ਨਿਰਦੇਸ਼ਾਂ ਦੇ ਸਨਮੁੱਖ ਉਪਰੋਕਤ ਇਸ ਦਫਤਰ ਦੇ ਹੁਕਮ ਮਿਤੀ 23.03.2020 ਰਾਹੀਂ ਜਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ ਲਗਾਇਆ ਗਿਆ ਕਰਫਿਊ ਤੁਰੰਤ ਪ੍ਰਭਾਵ ਤੋਂ ਹੁਣ ਖਤਮ ਕੀਤਾ ਜਾਂਦਾ ਹੈ। ਪਰ ਪੰਜਾਬ ਸਰਕਾਰ ਵਲੋਂ ਜਾਰੀ ਹੋਏ ਹੁਕਮ ਮਿਤੀ 17.05.2020 ਦੀ ਰੋਸ਼ਨੀ ਵਿੱਚ ਕੁਝ ਸ਼ਰਤਾਂ ਨਾਲ **ਲਾਕਡਾਊਨ ਮਿਤੀ 31.05.2020 ਤੱਕ ਜਾਰੀ ਰਹੇਗਾ।**

ਉਪਰੋਕਤ ਦੇ ਮੱਦੇਨਜਰ ਮੈਂ ਗੁਰਪ੍ਰੀਤ ਸਿੰਘ ਖਹਿਰਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਪਠਾਨਕੋਟ ਸੀ.ਆਰ.ਪੀ.ਸੀ ਦੀ ਧਾਰਾ 144 ਦੇ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਲਾਕਡਾਊਨ ਦੌਰਾਨ ਹੇਠ ਅਨੁਸਾਰ ਪਾਬੰਦੀਆਂ ਸਬੰਧੀ ਹੁਕਮ ਜਾਰੀ ਕਰਦਾ ਹਾਂ:-

1) <u>ਪਾਬੰਦੀਸ਼ੁਦਾ ਗਤੀਵਿਧੀਆਂ</u>:-

ੳ) ਲਾਕਡਾਊਨ ਦੌਰਾਨ ਸਕੂਲ, ਕਾਲਜ, ਵਿਦਿਅਕ ਅਦਾਰੇ ਅਤੇ ਕੋਚਿੰਗ ਸੈਂਟਰ ਖੁੱਲ੍ਹਣ ਤੇ ਪੂਰਨ ਤੌਰ ਤੇ ਪਾਬੰਦੀ ਹੋਵੇਗੀ।

ਅ) ਜਿਹੜੇ ਹੋਟਲ, ਰੈਸਟੋਰੈਂਟ ਅਤੇ ਪ੍ਰਾਹੁਣਾਚਾਰੀ ਸੰਸਥਾਵਾਂ ਨੂੰ ਜਿਲ੍ਹਾ ਪ੍ਰਸਾਸ਼ਨ ਵਲੋਂ ਕੋਵਿਡ-19 ਦੌਰਾਨ ਫਸੇ ਹੋਏ ਲੋਕਾਂ ਨੂੰ ਠਹਿਰਾਉਣ ਜਾਂ ਕੁਆਰਨਟਾਈਨ ਸੈਂਟਰਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ, ਨੂੰ ਛੱਡ ਕੇ ਬਾਕੀ ਸਾਰੇ ਜਿਹੜੇ ਹੋਟਲ, ਰੈਸਟੋਰੈਂਟ, ਢਾਬੇ ਅਤੇ Eateries ਅਗਲੇ ਹੁਕਮਾਂ ਤੱਕ ਪੂਰਨ ਤੌਰ ਤੇ Dine-in Service ਲਈ ਬੰਦ ਰਹਿਣਗੀਆਂ, ਪਰ ਹੋਮ ਡਿਲਵਰੀ ਕੀਤੀ ਜਾ ਸਕਦੀ ਹੈ।

ੲ) ਸਾਰੇ ਸਿਨੇਮਾ ਹਾਲ, ਸ਼ਾਪਿੰਗ ਮਾੱਲ, ਸ਼ਾਪਿੰਗ ਕੰਪਲੈਕਸ, ਜਿੰਮਨੇਜ਼ੀਅਮ, ਸਵੀਮਿੰਗ ਪੂਲ, ਮਨੋਰੰਜ਼ਕ ਪਾਰਕ, ਥਿਏਟਰ, ਬਾੱਰ, ਆਡੀਟੋਰੀਅਮ, ਅਸੈਂਬਲੀ ਹਾਲ ਜਿਹੇ ਸਥਾਨਾਂ ਨੂੰ ਵੀ ਖੋਲ੍ਹਣ ਤੇ ਪੂਰਨ ਪਾਬੰਦੀ ਹੋਵੇਗੀ। ਜਿੱਥੇ ਆਮ ਲੋਕਾਂ ਦੀ ਭੀੜ ਇਕੱਠੀ ਹੋਣ ਦਾ ਖਦਸ਼ਾ ਹੋਵੇ।

ਸ) ਸਾਰੀਆਂ ਸਮਾਜਿਕ, ਰਾਜਨੀਤਿਕ ਗਤੀਵਿਧੀਆਂ, ਖੇਡਾਂ, ਮਨੋਰੰਜ਼ਕ ਗਤੀਵਿਧੀਆਂ, ਅਕਾਦਮਿਕ, ਸੱਭਿਆਚਾਰਕ, ਧਾਰਮਿਕ ਪ੍ਰੋਗਰਾਮਾਂ ਅਤੇ ਹੋਰ ਅਜਿਹੇ ਪ੍ਰੋਗਰਾਮਾਂ, ਜਿਸ ਵਿੱਚ ਇਕੱਠ ਹੋਣ ਦੀ ਸੰਭਾਵਨਾਂ ਹੁੰਦੀ ਹੈ, ਤੇ ਵੀ ਪੂਰਨ ਪਾਬੰਧੀ ਹੋਵੇਗੀ।

ਹ) ਸਾਰੇ ਧਾਰਮਿਕ/ਪੂਜਾ ਦੇ ਸਥਾਨ ਵੀ ਆਮ ਜਨਤਾ ਲਈ ਬੰਦ ਰਹਿਣਗੇ ਅਤੇ ਧਾਰਮਿਕ ਇਕੱਠ ਕਰਨ ਤੇ ਵੀ ਪੂਰਨ ਪਾਬੰਧੀ ਹੋਵੇਗੀ।

2) <u>ਵਿਅਕਤੀਗਤ ਆਵਾਜਾਈ</u>:-

ੳ) ਸਰਕਾਰ ਵਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਸਨਮੁੱਖ ਰਾਤ ਸਮੇਂ **(ਸ਼ਾਮ 07:00 ਵਜੇ ਤੋਂ ਲੈ ਕੇ ਸਵੇਰੇ 07:00 ਵਜੇ ਤੱਕ)** ਆਮ ਜਨਤਾ ਦੀ ਵਿਅਕਤੀਗਤ ਮੂਵਮੈਂਟ ਉੱਪਰ ਪੂਰਨ ਤੌਰ ਤੇ ਪਾਬੰਧੀ ਰਹੇਗੀ।

ਅ) ਲਾਕਡਾਊਨ ਦੌਰਾਨ ਆਮ ਕੰਮ-ਕਾਜ ਦਾ ਸਮਾਂ ਸਵੇਰੇ 07:00 ਵਜੇ ਤੋਂ ਲੈ ਕੇ ਸ਼ਾਮ 07:00 ਵਜੇ ਤੱਕ ਨਿਰਧਾਰਤ ਕੀਤਾ ਜਾਂਦਾ ਹੈ। ਇਸ ਸਮੇਂ ਦੌਰਾਨ ਦੁਕਾਨਾਦਾਰਾਂ, ਸਰਕਾਰੀ/ਗੈਰ-ਸਰਕਾਰੀ ਦਫਤਰਾਂ ਅਤੇ ਉਦਯੋਗਿਕ ਕੰਮਾ ਤੇ ਆਉਣ-ਜਾਣ ਲਈ ਕਿਸੇ ਵੀ ਪ੍ਰਕਾਰ ਦੇ ਕਰਫਿਊ ਪਾਸ ਦੀ ਜ਼ਰੂਰਤ ਨਹੀਂ ਹੋਵੇਗੀ। **ਪਰ ਆਪਣਾ ਅਤੇ ਆਪਣੇ ਪਰਿਵਾਰ ਨੂੰ ਕੋਵਿਡ-19 ਮਹਾਂਮਾਰੀ ਤੋਂ ਬਚਾਉਣ ਲਈ ਬਿਨਾਂ ਵਜ੍ਹਾ ਘਰ ਤੋਂ ਨਿਕਲਣ ਤੋਂ ਗੁਰੇਜ਼ ਕੀਤਾ ਜਾਵੇ।**

ੲ) ਜਿਹੜੇ ਵਿਅਕਤੀ 65 ਸਾਲ ਦੀ ਉਮਰ ਤੋਂ ਵਡੇਰੇ ਹੋਣਗੇ, Co-mobidity Person (ਉਹ ਵਿਅਕਤੀ ਜਿਹੜੇ ਕਿ ਸ਼ੁਗਰ, ਬਲੱਡ ਪ੍ਰੈਸ਼ਰ, ਕਿਡਨੀ ਦੀ ਬਿਮਾਰੀ, ਸਾਹ ਦੀ ਬਿਮਾਰੀ ਆਦਿ ਤੋਂ ਰੋਗ-ਗ੍ਰਸਤ ਹਨ), ਗਰਭਵਤੀ ਔਰਤਾਂ ਅਤੇ 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਇਸ ਲਾਕਡਾਊਨ ਦੌਰਾਨ ਘਰ ਤੋਂ ਬਾਹਰ ਨਿਕਲਣ ਤੇ ਪੂਰਨ ਪਾਬੰਧੀ ਹੋਵੇਗੀ, ਬਸ਼ਰਤੇ ਕਿ ਉਹਨਾਂ ਨੂੰ ਕੋਈ ਮੈਡੀਕਲ ਐਮਰਜੈਂਸੀ ਨਾ ਹੋਵੇ।

3) **ਬੱਸਾਂ/ਵਾਹਨਾਂ ਦੀ ਅਵਾਜਾਈ ਸਬੰਧੀ:-**

ੳ) ਲਾਕਡਾਊਨ ਦੌਰਾਨ ਹਰ ਕਿਸਮ ਦੇ ਭਾਰ ਢੋਣ ਵਾਲੇ ਵਾਹਨਾਂ ਨੂੰ 24x7 (ਦਿਨ-ਰਾਤ) ਚੱਲਣ ਦੀ ਖੁੱਲ੍ਹ ਹੋਵੇਗੀ, ਭਾਵੇ ਕਿ ਇਹ ਵਾਹਨ ਖਾਲੀ ਹੀ ਆ-ਜਾ ਰਹੇ ਹੋਣ।

ਅ) ਲਾਕਡਾਊਨ ਦੌਰਾਨ ਕੋਵਿਡ-19 ਨਾਲ ਸਬੰਧਤ ਡਿਊਟੀ ਤੇ ਲਗਾਏ ਗਏ ਵਾਹਨਾਂ ਨੂੰ ਆਉਣ-ਜਾਣ ਤੇ ਕੋਈ ਵੀ ਪਾਬੰਧੀ ਨਹੀਂ ਹੋਵੇਗੀ। ਇਸੇ ਤਰ੍ਹਾਂ ਮੈਡੀਕਲ, ਪੈਰਾ-ਮੈਡੀਕਲ ਸਟਾਫ, ਪ੍ਰਸਾਸ਼ਨਿਕ ਸੇਵਾਵਾਂ, ਸੈਨੀਟੇਸ਼ਨ ਸੇਵਾਵਾਂ, ਐਂਬਲੈਂਸ, ਨਗਰ ਪਾਲਿਕਾ/ਨਗਰ ਨਿਗਮ/ਨਗਰ ਪੰਚਾਇਤ, ਪੁਲਿਸ ਪ੍ਰਸਾਸ਼ਨ, ਪੀ.ਐਸ.ਪੀ.ਸੀ.ਐੱਲ/ਪੀ.ਐਸ.ਟੀ.ਸੀ.ਐਲ, ਬੀ.ਐਸ.ਐਨ.ਐੱਲ ,ਫਾਇਰ ਬਿਗ੍ਰੇਡ ਅਤੇ ਸੁਰੱਖਿਆ ਸੇਵਾਵਾਂ (ਆਰਮੀ, ਏਅਰ ਫੋਰਸ) ਨਾਲ ਸਬੰਧਤ ਵਾਹਨਾਂ ਦੇ ਚੱਲਣ ਤੇ ਕੋਈ ਵੀ ਪਾਬੰਧੀ ਨਹੀਂ ਹੋਵੇਗੀ।

ੲ) ਚਾਰ-ਪਹੀਆ, ਦੋ ਪਹੀਆਂ, ਟੈਕਸੀਆਂ, ਸਾਈਕਲ, ਰਿਕਸ਼ਾ ਅਤੇ ਆਟੋ-ਰਿਕਸ਼ਾ ਨੂੰ ਸਵੇਰੇ 07:00 ਤੋਂ ਲੈ ਕੇ ਸ਼ਾਮ 07:00 ਵਜੇ ਤੱਕ ਚੱਲਣ ਦੀ ਇਜ਼ਾਜਤ ਹੇਠ ਸ਼ਰਤਾਂ ਦੇ ਅੰਤਰਗਤ ਹੋਵੇਗੀ:-

(i) ਕਾਰਾਂ/ਜੀਪਾਂ ਅਤੇ ਆਟੋ ਵਿੱਚ ਡਰਾਈਵਰ ਤੋਂ ਇਲਾਵਾ ਕੇਵਲ 02 ਵਿਅਕਤੀਆਂ ਨੂੰ ਹੀ ਸਫਰ ਕਰਨ ਦੀ ਇਜਾਜਤ ਹੋਵੇਗੀ।

(ii) ਮੋਟਰ-ਸਾਈਕਲ/ਸਕੂਟਰ ਆਦਿ ਤੇ ਕੇਵਲ ਇੱਕ ਵਿਅਕਤੀ ਹੀ ਸਫਰ ਕਰ ਸਕਦਾ ਹੈ।

(iii) ਸਟੇਟ ਟਰਾਂਸਪੋਰਟ ਵਿਭਾਗ ਵਲੋਂ ਜਾਰੀ ਕੀਤੀ ਜਾਣ ਵਾਲੀ SoP ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ।

3) **ਦੁਕਾਨਾਂ ਦੇ ਖੋਲ੍ਹਣ ਸਬੰਧੀ:-**

ੳ) ਪੇਂਡੂ ਖੇਤਰਾਂ ਵਿੱਚ ਹਰ ਤਰ੍ਹਾਂ ਦੀ ਦੁਕਾਨ ਖੋਲ੍ਹਣ ਦੀ ਆਗਿਆ ਹੋਵੇਗੀ, ਕੇਵਲ ਬਜ਼ਾਰਾਂ/ਮਾਰਕਿਟਾਂ ਵਿੱਚ ਦੁਕਾਨਾਂ (**ਹੇਠਾਂ ਦਰਜ ਗਰੁੱਪ-ਏ, ਗਰੁੱਪ-ਬੀ, ਗਰੁੱਪ-ਸੀ ਅਤੇ ਗਰੁੱਪ-ਡੀ**) ਮੁਤਾਬਿਕ ਸਵੇਰੇ 07:00 ਵਜੇ ਤੋਂ ਲੈ ਕੇ ਸ਼ਾਮ 06:30 ਵਜੇ ਤੱਕ ਹੀ ਖੋਲ੍ਹੀਆਂ ਜਾਣਗੀਆਂ।

ਅ) ਸ਼ਹਿਰੀ ਖੇਤਰਾਂ ਦੇ ਬਜ਼ਾਰ ਅਤੇ ਮਾਰਕਿਟਾਂ ਵਿੱਚ ਦੁਕਾਨਾਂ ਹੇਠ ਅਨੁਸਾਰ ਦਰਜ਼ ਰੋਸਟਰ ਮੁਤਾਬਿਕ ਖੋਲੀਆਂ ਜਾਣਗੀਆਂ:-

| ਸ਼੍ਰੇਣੀਆਂ | ਜਿਸ ਦਿਨ ਖੁੱਲ੍ਹਣ ਦੀ ਇਜ਼ਾਜਤ ਹੈ |
|---|---|
| **ਗਰੁੱਪ-ਏ**<br>1) Essential Commodities (ਆਟਾ ਚੱਕੀਆਂ, ਰਾਸ਼ਨ, ਦੁੱਧ, ਡੇਅਰੀ, ਫਲ ਅਤੇਸਬਜ਼ੀਆਂ, ਦਵਾਈਆਂ ਦੀਆਂ ਦੁਕਾਨਾਂ ਆਦਿ, ਕਰਿਆਨਾ, ਮੀਟ ਅਤ ਪੋਲਟਰੀ, ਪੋਲਟਰੀ/ਜਾਨਵਰਾਂ ਦੀ ਖੁਰਾਕ, ਖਾਦ, ਬੀਜ ਅਤੇ ਖੇਤੀਬਾੜੀ ਦੇ ਸੰਦ ਆਦਿ)<br>2) ਪਲੰਬਰ ਅਤੇ ਇਲੈਕਟ੍ਰਿਸ਼ਨ, ਪੱਖੇ, ਕੂਲਰ, ਏ.ਸੀ ਰਿਪੇਅਰ, ਇਨਵਰਟਰ ਬੈਟਰੀ, ਜਨਰੇਟਰ ਆਦਿ ਸੇਵਾਵਾਂ<br>3) ਇਲੈਕਟ੍ਰੋਨਿਕਸ (ਕੰਪਿਊਟਰ/ ਲੈਪਟਾਪ /ਮੋਬਾਇਲ /ਘੜੀਆਂ ਆਦਿ ਦੀਆਂ ਦੁਕਾਨਾਂ ਅਤੇ ਰਿਪੇਅਰ<br>4) ਆਟੋ-ਮੋਬਾਇਲ ਦੀਆਂ ਵਰਕਸ਼ਾਪਾਂ, ਸਰਵਿਸ ਸੈਂਟਰ ਅਤੇ ਵਾਹਨਾਂ ਦੀ ਮੁਰੰਮਤ ਸਬੰਧੀ ਦੁਕਾਨਾਂ। | ਸ਼ਰਤਾਂ ਦੇ ਆਧਾਰ ਤੇ ਸਾਰੇ ਦਿਨ (ਸਵੇਰੇ 07:00 ਵਜੇ ਤੋਂ ਸ਼ਾਮ 06:30 ਵਜੇ ਤੱਕ)<br>**(ਕੇਵਲ ਦੁੱਧ, ਡੇਅਰੀ ਲਈ- ਸਵੇਰੇ 05:00 ਵਜੇ ਤੋਂ ਹੀ ਖੁੱਲ੍ਹ ਸਕਦੀਆਂ ਹਨ)**<br>ਇਸ ਤੋਂ ਇਲਾਵਾ ਇਹਨਾਂ ਕੈਟੀਗਰੀਜ਼ ਨੂੰ ਪਹਿਲਾਂ ਦਿੱਤੀਆਂ ਗਈਆਂ ਸ਼ਰਤਾਂ ਆਧਾਰ ਤੇ ਹੀ ਹੋਮ ਡਿਲਵਰੀ ਪਹਿਲਾਂ ਵਾਂਗ ਕਰਨ ਦੀ ਇਜਾਜ਼ਤ ਵੀ ਜਾਰੀ ਰਹੇਗੀ। |

DISTRICT MAGISTRATE PATHANKOT

| | |
|---|---|
| **ਗਰੁੱਪ-ਬੀ**<br>3) ਆਟੋ ਮੋਬਾਇਲਜ਼ ਸ਼ੋਅ-ਰੂਮ, ਸਾਈਕਲ ਸ਼ੋਪਸ, ਮੋਟਰ ਪਾਰਟਸ ਟਾਇਰਾਂ ਦੀਆਂ ਦੁਕਾਨਾਂ ਅਤੇ ਡੈਂਟਿੰਗ-ਪੇਂਟਿੰਗ।<br>4) ਕੱਪੜੇ, ਡ੍ਰਾਈ ਕਲੀਨਰ, ਜੁੱਤੇ ਅਤੇ ਮਨਿਆਰੀ, ਬੁਟੀਕ, ਟੇਲਰ, ਖੇਡਾਂ ਦੀਆਂ ਦੁਕਾਨਾਂ, ਗਹਿਣੇ ਦੀਆਂ ਦੁਕਾਨਾਂ।<br>5) ਆਰਮੀ ਦੇ ਸਮਾਨ ਨਾਲ ਸਬੰਧਤ ਦੁਕਾਨਾਂ<br>6) ਕਿਤਾਬਾਂ ਅਤੇ ਸਟੇਸ਼ਨਰੀ ਦੀਆਂ ਦੁਕਾਨਾਂ<br>7) ਫਰਨੀਚਰ, ਐਨਕਾਂ, ਭਾਂਡੇ ਦੀਆਂ ਦੁਕਾਨਾਂ | **ਸੋਮਵਾਰ, ਬੁੱਧਵਾਰ, ਸ਼ੁਕਰਵਾਰ**<br>**(ਕੇਵਲ ਸਵੇਰੇ 07:00 ਵਜੇ ਤੋਂ ਲੈ ਕੇ ਸ਼ਾਮ 06:30 ਵਜੇ ਤੱਕ)** |
| **ਗਰੁੱਪ-ਸੀ**<br>8)<br>9) ਪ੍ਰਿੰਟਿੰਗ ਪ੍ਰੈਸਾਂ, ਫੋਟੋਸਟੇਟ, ਫੋਟੋ ਸਟੂਡੀਓ ਦੀਆਂ ਦੁਕਾਨਾਂ<br>10) ਪੇਂਟ,ਹਾਰਡਵੇਅਰ, ਲੋਹਾ, ਸੀਮਿੰਟ, ਸੈਨਟਰੀ, ਬਿਲਡਿੰਗ ਦਾ ਮਟੀਰੀਅਲ<br>11) ਵਾਟਰ ਪਿਓਰੀਫਾਇਰਜ਼/ਫਰਿੱਜ਼/ ਟੀ.ਵੀ/ ਮਾਈਕ੍ਰੋਵੇਵ ਓਵਨ/ ਸਟੋਵ/ਗੈਸ ਚੁੱਲ੍ਹੇ ਆਦਿ ਦੀਆਂ ਦੁਕਾਨਾਂ ਅਤੇ ਰਿਪੇਅਰ)<br>12) ਕੋਈ ਹੋਰ ਦੁਕਾਨ, ਜ਼ੋ ਉਪਰੋਕਤ ਗਰੁੱਪਾਂ ਵਿੱਚ ਨਾ ਦਰਸਾਈ ਗਈ ਹੋਵੇ ਅਤੇ (ਜ਼ੋਕਿ ਪਾਬੰਦੀਸ਼ੁਦਾ ਸ਼੍ਰੇਣੀ ਵਿੱਚ ਵੀ ਨਾ ਹੋਵੇ) | ਮੰਗਲਵਾਰ, ਵੀਰਵਾਰ, ਸ਼ਨੀਵਾਰ<br>(ਕੇਵਲ ਸਵੇਰੇ 07:00 ਵਜੇ ਤੋਂ ਸ਼ਾਮ 06:30 ਵਜੇ ਤੱਕ) |
| **ਗਰੁੱਪ-ਡੀ**<br>13) Barber Shops, Hair Cut Saloons | ਇਹ ਦੁਕਾਨਾਂ ਮੰਗਲਵਾਰ ਅਤੇ ਵੀਰਵਾਰ ਨੂੰ ਛੱਡ ਕੇ ਬਾਕੀ ਸਾਰੇ ਦਿਨ ਸਵੇਰੇ 07:00 ਵਜੇ ਤੋਂ ਸ਼ਾਮ 06:30 ਵਜੇ ਤੱਕ ਖੁੱਲ੍ਹਣਗੀਆਂ। |

DISTRICT MAGISTRATE PATHANKOT

ੲ) ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੇ ਠੇਕੇ/ਦੁਕਾਨਾਂ ਸਵੇਰੇ 09:00 ਵਜੇ ਤੋਂ ਸ਼ਾਮ 06:30 ਵਜੇ ਤੱਕ ਖੁੱਲ੍ਹੇ ਰਹਿਣਗੇ।

ਸ) ਭਾਰਤ ਸਰਕਾਰ ਵਲੋਂ ਜਾਰੀ National Directive for COVID-19 Management ਅਨੁਸਾਰ ਜਨਤਕ ਥਾਵਾਂ ਤੇ ਸ਼ਰਾਬ, ਪਾਨ, ਗੁਟਕਾ, ਤੰਬਾਕੂ ਆਦਿ ਦੇ ਸੇਵਨ ਕਰਨ ਦੀ ਆਗਿਆ ਨਹੀਂ ਹੋਵੇਗੀ।

## 5) ਈ-ਕਮਰਸ ਸੇਵਾਵਾਂ:-

ਹਰ ਪ੍ਰਕਾਰ ਦੀ ਈ-ਕਮਰਸ ਸੇਵਾਵਾਂ ਸਬੰਧੀ ਪੂਰਨ ਤੌਰ ਤੇ ਖੁੱਲ੍ਹ ਹੋਵੇਗੀ, ਪਰ ਇਹਨਾਂ ਸੇਵਾਵਾਂ ਸਬੰਧੀ ਸ਼ਾਮ 07:00 ਵਜੇ ਤੋਂ ਸਵੇਰੇ 07:00 ਵਜੇ ਤੱਕ ਆਉਣ-ਜਾਣ ਤੇ ਪਾਬੰਧੀ ਲਾਗੂ ਰਹੇਗੀ।

## 6) ਉਦਯੋਗਿਕ ਗਤੀਵਿਧੀਆਂ:-

ਲਾਕਡਾਊਨ ਦੌਰਾਨ ਹਰ ਪ੍ਰਕਾਰ ਦੀਆਂ ਉਦਯੋਗਿਕ/ਉਤਪਾਦਕ ਇੰਡਸਟਰੀਆਂ ਚੱਲਦੀਆਂ ਰੱਖੀਆਂ ਜਾ ਸਕਦੀਆਂ ਹਨ ਅਤੇ ਇਹਨਾਂ ਨੂੰ ਚੱਲਦੇ ਰੱਖਣ ਲਈ ਕਿਸੇ ਵੀ ਪ੍ਰਕਾਰ ਦੀ ਪ੍ਰਵਾਨਗੀ ਵੱਖਰੇ ਤੌਰ ਤੇ ਲੈਣ ਦੀ ਜਰੂਰਤ ਨਹੀਂ ਹੋਵੇਗੀ।

## 7) ਨਿਰਮਾਣ ਗਤੀਵਿਧੀਆਂ:-

ਲਾਕਡਾਊਨ ਦੌਰਾਨ ਪੇਂਡੂ ਅਤੇ ਸ਼ਹਿਰੀ ਖੇਤਰ ਵਿੱਚ ਨਿਰਮਾਣ ਗਤੀਵਿਧੀਆਂ ਸਬੰਧੀ ਕਿਸੇ ਵੀ ਪ੍ਰਕਾਰ ਦੀ ਪਾਬੰਧੀ ਨਹੀਂ ਹੋਵੇਗੀ।

8) **ਸਹਾਇਕ ਗਤੀਵਿਧੀਆਂ:-**

ਲਾਕਡਾਊਨ ਦੌਰਾਨ ਖੇਤੀਬਾੜੀ, ਬਾਗਬਾਨੀ, ਪਸ਼ੂ-ਪਾਲਣ ਅਤੇ ਵੈਟਨਰੀ ਸੇਵਾਵਾਂ ਤੇ ਕੋਈ ਵੀ ਪਾਬੰਧੀ ਨਹੀਂ ਹੋਵੇਗੀ।

9) **ਖੇਡਾਂ ਸਬੰਧੀ ਗਤੀਵਿਧੀਆ:-**

ਖੇਡ ਕੰਪਲੈਕਸ ਅਤੇ ਸਟੇਡੀਅਮ ਨੂੰ ਸਵੇਰੇ 07:00 ਤੋਂ ਸ਼ਾਮ 06:30 ਵਜੇ ਤੱਕ ਖੁੱਲ੍ਹਣ ਦੀ ਇਜ਼ਾਜਤ ਹੋਵੇਗੀ, ਪਰ ਇਸ ਦੌਰਾਨ ਦਰਸ਼ਕਾਂ ਨੂੰ ਖੇਡ ਕੰਪਲੈਕਸ ਅਤੇ ਸਟੇਡੀਅਮ ਵਿੱਚ ਜਾਣ ਦੀ ਇਜ਼ਾਜਤ ਨਹੀਂ ਹੋਵੇਗੀ।

10) **ਸਰਕਾਰੀ ਅਤੇ ਪ੍ਰਾਈਵੇਟ ਦਫਤਰਾਂ ਸਬੰਧੀ:-**

**ੳ)** ਲਾਕਡਾਊਨ ਦੌਰਾਨ ਸਰਕਾਰੀ/ਗੈਰ-ਸਰਕਾਰੀ ਦਫਤਰਾਂ ਦੇ ਲਾਕਡਾਊਨ ਦੌਰਾਨ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਘੱਟ ਤੋਂ ਘੱਟ ਸਟਾਫ ਨਾਲ ਖੁਲ੍ਹਣ ਦੀ ਇਜਾਜ਼ਤ ਹੋਵੇਗੀ। ਬਾਕੀ ਸਟਾਫ ਨੂੰ ਘਰ ਤੋਂ ਹੀ ਆਨ-ਲਾਈਨ ਦਫਤਰੀ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। **ਇਸ ਤੋਂ ਇਲਾਵਾ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਅਦਾਰੇ ਦਾ ਆਪਣਾ ਦਫਤਰ ਖੋਲ੍ਹਣ ਅਤੇ ਬੰਦ ਕਰਨ ਦਾ ਕੋਈ ਨਿਰਧਾਰਤ ਸਮਾਂ ਹੈ ਤਾਂ ਉਹ ਅਦਾਰਾ ਸਵੇਰੇ 07:00 ਵਜੇ ਤੋਂ ਲੈ ਕੇ ਸ਼ਾਮ 07:00 ਵਜੇ ਦੌਰਾਨ ਆਪਣਾ ਦਫਤਰ ਆਪਣੇ ਸਮੇਂ ਮੁਤਾਬਿਕ ਖੋਲ੍ਹ/ਬੰਦ ਕਰ ਸਕਦਾ ਹੈ।**

**ਅ)** ਉਹ ਅਦਾਰੇ/ਦਫਤਰ, ਬੈਂਕ ਜਿਹਨਾਂ ਵਿੱਚ ਪਬਲਿਕ ਡੀਲਿੰਗ ਬਹੁਤ ਜ਼ਿਆਦਾ ਹੁੰਦੀ ਹੈ, ਉਸ ਅਦਾਰੇ ਦਾ ਮੁਖੀ ਸਮਾਜਿਕ ਦੂਰੀ ਅਤੇ ਭੀੜ ਆਦਿ ਨੂੰ ਰੋਕਣ ਲਈ ਖੁਦ ਜਿੰਮੇਵਾਰ ਹੋਵੇਗਾ।ਜੇਕਰ ਚੈਕਿੰਗ ਦੌਰਾਨ ਕੋਵਿਡ-19 ਦੀਆਂ ਜਾਰੀ ਹਦਾਇਤਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਸਬੰਧਤ ਮੁਖੀ ਵਿਰੁੱਧ ਡਿਜ਼ਾਸਟਰ ਮੈਨੇਜਮੈਂਟ ਐਕਟ, 2005 ਦੇ ਸੈਕਸ਼ਨ 51 ਤੋਂ 60 ਦੇ ਅੰਤਰਗਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**ੲ)** ਉਹ ਕੋਈ ਵੀ ਸਰਵਿਸ ਪ੍ਰੋਵਾਈਡਰ ਇਸ ਗੱਲ ਨੂੰ ਯਕੀਨੀ ਬਣਾਵੇਗਾ ਕਿ ਜੇਕਰ ਕੋਈ ਵਿਅਕਤੀ ਸਮਾਜਿਕ ਦੂਰੀ ਜਾਂ ਮਾਸਕ ਦੀ ਵਰਤੋਂ ਨਹੀਂ ਕਰ ਰਿਹਾ ਤਾਂ ਉਸ ਨੂੰ ਕੋਈ ਵੀ ਸੇਵਾ ਉਪਲਬਧ ਨਹੀਂ ਕਰਵਾਈ ਜਾਵੇਗੀ। ਜਿਵੇਂ ਕਿ ਮਾਸਕ ਤੋਂ ਬਗੈਰ ਪੈਟਰੋਲ ਪੰਪ ਤੋਂ ਤੇਲ ਨਹੀਂ ਮਿਲੇਗਾ ਅਤੇ ਦੁਕਾਨਾਂ ਤੋਂ ਕਿਸੇ ਵੀ ਗ੍ਰਾਹਕ ਨੂੰ ਕੋਈ ਸਮਾਨ ਨਹੀਂ ਵੇਚਿਆ ਜਾਵੇਗਾ।

**ਉਪਰੋਕਤ ਹੁਕਮਾਂ ਵਿੱਚ ਦਰਜ਼ ਛੋਟਾਂ/ਢਿੱਲਾਂ ਜਿਲ੍ਹਾ ਪ੍ਰਸਾਸ਼ਨ ਵਲੋਂ ਘੋਸ਼ਿਤ ਕੀਤੇ ਗਏ ਕੰਨਟੇਨਮੈਂਟ ਜ਼ੋਨਸ ਤੇ ਲਾਗੂ ਨਹੀਂ ਹੋਣਗੀਆਂ। ਇਹਨਾਂ ਕੰਨਟੇਨਮੈਂਟ ਜ਼ੋਨ ਤੇ ਪੂਰਨ ਤੌਰ ਤੇ ਪਹਿਲਾਂ ਦੀ ਤਰ੍ਹਾਂ ਪਾਬੰਧੀ ਲਾਗੂ ਰਹੇਗੀ।**

DISTRICT MAGISTRATE PATHANKOT
सत्यमेव जयते

ਮਿਤੀ:18.05.2020

(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।

ਪਿੱਠ ਅੰਕਣ ਨੰ: ਐਮ.ਏ/ 2969-3025 ਮਿਤੀ: 18-5-2020

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3) ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
4) ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।
5) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
6) ਵਧੀਕ ਡਿਪਟੀ ਕਮਿਸ਼ਨਰ (ਜ), ਪਠਾਨਕੋਟ।
7) ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰਕਲਾਂ।
8) ਸਹਾਇਕ ਕਮਿਸ਼ਨਰ (ਜਨਰਲ/ਸ਼ਿਕਾਇਤਾਂ), ਪਠਾਨਕੋਟ।
9) ਸਿਵਲ ਸਰਜਨ, ਪਠਾਨਕੋਟ।

10) ਜਿਲ੍ਹਾ ਮਾਲ ਅਫਸਰ, ਪਠਾਨਕੋਟ।
11) ਤਹਿਸੀਲਦਾਰ, ਪਠਾਨਕੋਟ/ਧਾਰਕਲਾਂ।
12) ਜਿਲ੍ਹਾ ਲੋਕ ਸੰਪਰਕ ਅਫਸਰ, ਪਠਾਨਕੋਟ ਨੂੰ ਜਨਤਕ ਸੂਚਨਾ ਹਿੱਤ।
13) ਜਿਲ੍ਹਾ ਖੁਰਾਕ ਸਿਵਲ ਸਪਲਾਈਜ਼ ਕੰਟਰੋਲਰ, ਪਠਾਨਕੋਟ।
14) ਸਮੂਹ ਵਿਭਾਗਾਂ ਦੇ ਮੁਖੀ, ਜਿਲ੍ਹਾ ਪਠਾਨਕੋਟ।
15) ਨਿੱਜੀ ਸਹਾਇਕ ਟੂ ਡਿਪਟੀ ਕਮਿਸ਼ਨਰ ਨੂੰ ਰਿਕਾਰਡ ਹਿੱਤ।

(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE PATHANKOT
सत्यमेव जयते